**ਵੈਨਕੂਵਰ ਸ਼ਹਿਰ**
**ਨਿਊਜ਼ ਰਿਲੀਜ਼**
**9 February, 2024 - Punjabi**

# ਕਾਮਾਗਾਟਾ ਮਾਰੂ ਪਲੇਸ ਦੇ ਦੂਜੇ ਸਟ੍ਰੀਟ ਚਿੰਨ੍ਹਾਂ ਦਾ ਉਦਘਾਟਨ ਕੀਤਾ ਗਿਆ

## ਕੈਨੇਡਾ ਪਲੇਸ ਨੂੰ ਕਾਮਾਗਾਟਾ ਮਾਰੂ ਪਲੇਸ ਦਾ ਦੂਜਾ, ਸਨਮਾਨਸੂਚਕ ਨਾਮ ਦਿੱਤਾ ਗਿਆ

ਅੱਜ ਮੇਅਰ ਕੇਨ ਸਿਮ ਅਤੇ ਦੱਖਣੀ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਦੇ ਸਟੇਕਹੋਲਡਰਾਂ ਸਮੇਤ ਵਿਸ਼ੇਸ਼ ਮਹਿਮਾਨ ਡਾਊਨਟਾਊਨ ਵੈਨਕੂਵਰ ਵਿੱਚ ਕਾਮਾਗਾਟਾ ਮਾਰੂ ਸਥਾਨ ਦੇ ਸਨਮਾਨਸੂਚਕ (ਆਨਰੇਰੀ) ਸਟ੍ਰੀਟ ਚਿੰਨ੍ਹਾਂ ਦਾ ਉਦਘਾਟਨ ਕਰਨ ਲਈ ਇਕੱਠੇ ਹੋਏ।

ਸਨਮਾਨਸੂਚਕ ਨਾਮਕਰਨ ਅਤੇ ਨਵਾਂ ਚਿੰਨ੍ਹ May 2023 City Council decision (ਮਈ 2023 ਸਿਟੀ ਕੌਂਸਲ ਦੇ ਫੈਸਲੇ) ਦਾ ਨਤੀਜਾ ਹੈ ਅਤੇ 1914 ਦੇ ਕਾਮਾਗਾਟਾ ਮਾਰੂ ਦੁਖਾਂਤ ਵਿੱਚ ਸ਼ਹਿਰ ਦੀ ਭੂਮਿਕਾ ਲਈ ਸੱਭਿਆਚਾਰਕ ਨਿਵਾਰਣ ਦਾ ਇੱਕ ਹੋਰ ਕਾਰਜ ਹੈ। ਭਾਫ਼ ਵਾਲੇ ਜਹਾਜ਼ ਗੁਰੂ ਨਾਨਕ ਜਹਾਜ਼, ਜਿਸ ਨੂੰ ਆਮ ਤੌਰ 'ਤੇ ਕਾਮਾਗਾਟਾ ਮਾਰੂ ਵਜੋਂ ਜਾਣਿਆ ਜਾਂਦਾ ਹੈ, ਵਿੱਚ ਔਰਤਾਂ ਅਤੇ ਬੱਚਿਆਂ ਸਮੇਤ ਅੰਦਾਜ਼ਨ 340 ਸਿੱਖ, 24 ਮੁਸਲਿਮ ਅਤੇ 12 ਹਿੰਦੂ ਯਾਤਰੀ ਸਵਾਰ ਸਨ, ਜਿਹਨਾਂ ਵਿੱਚੋਂ ਜ਼ਿਆਦਾਤਰ ਪੰਜਾਬ, ਬ੍ਰਿਟਿਸ਼ ਭਾਰਤ ਤੋਂ ਸਨ। ਉਨ੍ਹਾਂ ਦੀ ਨਜ਼ਰਬੰਦੀ, ਦੁਰਵਿਵਹਾਰ, ਪਰੇਸ਼ਾਨੀ, ਸੱਟ ਅਤੇ ਜਾਨ ਗੁਆਉਣੀ ਸਰਕਾਰ ਦੇ ਤਿੰਨੋਂ ਪੱਧਰਾਂ ਦੇ ਪ੍ਰਣਾਲੀਗਤ ਵਿਤਕਰੇ ਦੇ ਦੁਖਦਾਈ ਦੌਰ ਦੀ ਨਿਸ਼ਾਨਦੇਹੀ ਕਰਦੀ ਹੈ।

ਕਾਮਾਗਾਟਾ ਮਾਰੂ ਸਥਾਨ ਲਈ ਥਾਂ ਦੀ ਚੋਣ ਇਸਦੀ ਇਤਿਹਾਸਕ ਮਹੱਤਤਾ ਕਾਰਨ ਕੀਤੀ ਗਈ ਸੀ, ਜੋ ਕਿ 1914 ਵਿੱਚ ਬਰਾਰਡ ਇਨਲੇਟ ਵਿੱਚ ਕਾਮਾਗਾਟਾ ਮਾਰੂ ਜਹਾਜ਼ ਦਾ ਸਭ ਤੋਂ ਨਜ਼ਦੀਕੀ ਸਥਾਨ ਸੀ।

ਇਹ ਨਵਾਂ ਚਿੰਨ੍ਹ ਕਲਾਕਾਰ ਕੁਈਰ, ਪੰਜਾਬੀ, ਵਿਜ਼ੂਅਲ ਆਰਟਿਸਟ Jag Nagra (ਜੈਗ ਨਾਗਰਾ) ਦੁਆਰਾ ਬਣਾਇਆ ਗਿਆ ਸੀ, ਜੋ ਕਲਾ ਦੀ ਪਹੁੰਚ, ਭਾਈਚਾਰਕ ਵਿਕਾਸ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ LGBTQ+ ਸਟਿਗਮਾ ਦਾ ਮੁਕਾਬਲਾ ਕਰਨ ਬਾਰੇ ਭਾਵੁਕ ਹੈ। ਅੱਖਾਂ ਦੇ ਪੱਧਰ 'ਤੇ ਲੈਂਪ ਪੋਸਟਾਂ 'ਤੇ ਲਗਾਏ ਗਏ ਸਟੋਰੀਬੋਰਡ ਰਾਹਗੀਰਾਂ ਨੂੰ ਕਲਾਕ੍ਰਿਤੀਆਂ ਅਤੇ ਕਾਮਾਗਾਟਾਮਾਰੂ ਤ੍ਰਾਸਦੀ ਦੇ ਇਤਿਹਾਸ ਦੀ ਜਾਣਕਾਰੀ ਦਿੰਦੇ ਹਨ। QR ਕੋਡ ਪਾਠਕਾਂ ਨੂੰ ਵਧੇਰੇ ਜਾਣਕਾਰੀ ਲਈ ਇੱਕ ਵੈੱਬਪੇਜ vancouver.ca/komagata-maru) 'ਤੇ ਲੈ ਜਾਂਦਾ ਹੈ।

18 ਮਈ, 2021 ਨੂੰ, ਵੈਨਕੂਵਰ ਸਿਟੀ ਕੌਂਸਲ ਨੇ 1914 ਵਿੱਚ ਕਾਮਾਗਾਟਾ ਮਾਰੂ ਵਿੱਚ ਸਵਾਰ ਯਾਤਰੀਆਂ ਨਾਲ ਵਿਤਕਰਾ ਕਰਨ ਵਿੱਚ ਨਿਭਾਈ ਲਈ ਭੂਮਿਕਾ ਲਈ ਰਸਮੀ ਤੌਰ 'ਤੇ ਮੁਆਫੀ ਮੰਗੀ, ਅਤੇ ਅਧਿਕਾਰਤ ਤੌਰ 'ਤੇ 23 ਮਈ ਨੂੰ Komagata Maru Remembrance Day (ਕਾਮਾਗਾਟਾ ਮਾਰੂ ਯਾਦਗਾਰ ਦਿਵਸ) ਵਜੋਂ ਘੋਸ਼ਿਤ ਕੀਤਾ।

ਸਿਟੀ ਕੌਂਸਲ ਨੇ ਕਿਟਸੀਲਾਨੋ ਵਿੱਚ 2 ਐਵੇਨਿਊ ਗੁਰਦੁਆਰਾ ਸਥਾਨ ਦੀ ਸੱਭਿਆਚਾਰਕ ਅਤੇ ਇਤਿਹਾਸਕ ਮਹੱਤਤਾ ਨੂੰ ਮਾਨਤਾ ਦੇਣ ਲਈ ਵੀ ਵਚਨ ਦਿੱਤਾ ਹੈ। 1914 ਵਿੱਚ ਕਾਮਾਗਾਟਾ ਮਾਰੂ ਵਿੱਚ ਸਵਾਰ ਯਾਤਰੀਆਂ ਦੇ ਸਮਰਥਨ ਵਿੱਚ ਸਥਾਨਕ ਦੱਖਣੀ ਏਸ਼ੀਆਈ ਭਾਈਚਾਰੇ ਦੇ ਲਾਮਬੰਦ ਹੋਣ ਵਾਲੇ ਸਥਾਨ ਦੇ ਨਾਲ-ਨਾਲ ਇਹ ਇੱਕ ਮਹੱਤਵਪੂਰਨ ਸਮਾਜਿਕ ਅਤੇ ਸੱਭਿਆਚਾਰਕ ਕੇਂਦਰ ਸੀ, ਜਦੋਂ

ਭਾਈਚਾਰੇ ਨੂੰ ਮਹੱਤਵਪੂਰਨ ਵਿਤਕਰੇ ਅਤੇ ਨਫਰਤ ਦਾ ਸਾਹਮਣਾ ਕਰਨਾ ਪਿਆ ਸੀ। ਇਹ ਕੈਨੇਡਾ ਵਿੱਚ ਭਾਈਚਾਰੇ ਦੀ ਮਾਲਕੀ ਵਾਲਾ ਪਹਿਲਾ ਗੁਰਦੁਆਰਾ (ਪੂਜਾ ਅਤੇ ਸਿੱਖਿਆ ਦਾ ਸਥਾਨ) ਵੀ ਸੀ। ਭਵਿੱਖ ਦੀਆਂ ਪਹਿਲਕਦਮੀਆਂ ਵੈਨਕੂਵਰ ਵਿੱਚ ਦੱਖਣੀ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਲਈ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਦੇ ਹੋਰ ਖੇਤਰਾਂ ਦੀ ਖੋਜ ਕਰਨਗੀਆਂ।

"ਸਾਡੇ ਸਾਂਝੇ ਇਤਿਹਾਸ ਦੇ ਇਸ ਦੁਖਦਾਈ ਅਧਿਆਇ 'ਤੇ ਵਿਚਾਰ ਕਰਨ ਲਈ ਅੱਜ ਸਵੇਰੇ ਕਾਮਾਗਾਟਾ ਮਾਰੂ ਪਲੇਸ ਵਿਖੇ ਦੱਖਣੀ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਦੇ ਮੈਂਬਰਾਂ ਨਾਲ ਇਕੱਠੇ ਹੋਣਾ ਮਾਣ ਵਾਲੀ ਗੱਲ ਸੀ", ਮੇਅਰ ਕੇਨ ਸਿਮ ਨੇ ਕਿਹਾ । "ਇੱਕ ਸ਼ਹਿਰ ਵਜੋਂ ਅਸੀਂ ਅਤੀਤ ਤੋਂ ਸਿੱਖਣ ਅਤੇ ਵਧੇਰੇ ਸਮਾਵੇਸ਼ੀ ਭਵਿੱਖ ਬਣਾਉਣ ਲਈ ਵਚਨਬੱਧ ਹਾਂ। ਕਾਮਾਗਾਟਾ ਮਾਰੂ ਸਥਾਨ ਦਾ ਸਨਮਾਨਸੂਚਕ ਨਾਮਕਰਨ ਅਤੇ ਪ੍ਰਤਿਭਾਸ਼ਾਲੀ ਸਥਾਨਕ ਕਲਾਕਾਰ ਜੈਗ ਨਾਗਰਾ ਦੁਆਰਾ ਡਿਜ਼ਾਈਨ ਕੀਤਾ ਗਿਆ ਪ੍ਰਭਾਵਸ਼ਾਲੀ ਨਵਾਂ ਚਿੰਨ੍ਹ ਦੱਖਣੀ ਏਸ਼ੀਆਈ ਭਾਈਚਾਰਿਆਂ ਦੇ ਪ੍ਰਤੀ ਇਤਿਹਾਸਕ ਵਿਤਕਰੇ ਨੂੰ ਹੱਲ ਕਰਨ ਲਈ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਹੋ ਰਹੇ ਕੰਮ ਵਿੱਚ ਇੱਕ ਮਹੱਤਵਪੂਰਨ ਕਦਮ ਹੈ"।

"ਕਲਾ ਦੇ ਮਾਧਿਅਮ ਰਾਹੀਂ ਆਪਣੇ ਭਾਈਚਾਰੇ ਦੀਆਂ ਕਹਾਣੀਆਂ ਸਾਂਝੀਆਂ ਕਰਨ ਦੇ ਯੋਗ ਹੋਣਾ ਮੇਰੇ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਮੈਨੂੰ ਕਾਮਾਗਾਟਾ ਮਾਰੂ ਸਥਾਨ ਲਈ ਕਲਾਕ੍ਰਿਤੀਆਂ ਬਣਾਉਣ ਦਾ ਮੌਕਾ ਮਿਲਿਆ, ਕਲਾਕਾਰ ਜੈਗ ਨਾਗਰਾ ਨੇ ਕਿਹਾ ।" ਮੇਰਾ ਉਦੇਸ਼ ਮੁਸਾਫਰਾਂ ਦੀ ਦੁਰਦਸ਼ਾ ਨੂੰ ਦਰਸਾਉਣਾ ਅਤੇ ਉਹਨਾਂ ਦੀਆਂ ਕਹਾਣੀਆਂ, ਸੰਘਰਸ਼ਾਂ, ਅਤੇ ਉਹਨਾਂ ਦੁਆਰਾ ਸਾਹਮਣਾ ਕੀਤੇ ਗਏ ਵਿਤਕਰੇ ਭਰੇ ਅਭਿਆਸਾਂ ਦਾ ਮਾਨਵੀਕਰਨ ਕਰਨਾ ਸੀ। ਕੈਨੇਡਾ ਵਿੱਚ ਦੱਖਣੀ ਏਸ਼ੀਆਈਆਂ ਵਿਰੁੱਧ ਜੋ ਗਲਤ ਕੀਤਾ ਗਿਆ, ਉਹ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ, ਅਤੇ ਇਹ ਸਾਡੇ ਇਤਿਹਾਸ ਦੀ ਪ੍ਰਤੱਖ ਯਾਦ ਦਿਵਾਉਣਗੇ ਅਤੇ ਵਧੇਰੇ ਬਰਾਬਰੀ ਅਤੇ ਸਮਝ ਦੀ ਮੰਗ ਕਰਨਗੇ।"

ਇਹ ਦੂਜਾ, ਸਨਮਾਨਸੂਚਕ ਨਾਮਕਰਨ ਦੱਖਣੀ ਏਸ਼ੀਆਈ ਭਾਈਚਾਰਿਆਂ ਵਿਰੁੱਧ ਇਤਿਹਾਸਕ ਵਿਤਕਰੇ ਲਈ ਸੱਭਿਆਚਾਰਕ ਨਿਵਾਰਣ ਦੇ ਯਤਨਾਂ ਲਈ ਸ਼ਹਿਰ ਦੀ ਵੱਡੀ ਵਚਨਬੱਧਤਾ ਦਾ ਇੱਕ ਹਿੱਸਾ ਹੈ। ਸ਼ਹਿਰ ਇਸ ਸਨਮਾਨਸੂਚਕ ਨਾਮਕਰਨ ਅਤੇ ਚਿੰਨ੍ਹਾਂ ਦੀ ਸਿਰਜਣਾ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਅਤੇ ਭਾਈਚਾਰਕ ਸਮੂਹਾਂ ਦਾ ਧੰਨਵਾਦ ਕਰਨਾ ਅਤੇ ਮਾਨਤਾ ਦੇਣਾ ਚਾਹੁੰਦਾ ਹੈ। ਇਹਨਾਂ ਵਿੱਚ ਸ਼ਾਮਲ ਹੈ, ਪਰ ਸਿਰਫ ਇੱਥੇ ਤੱਕ ਹੀ ਸੀਮਤ ਨਹੀਂ ਹੈ; ਕਾਮਾਗਾਟਾ ਮਾਰੂ ਡਿਸੈਨਡੈਂਟਸ ਸੁਸਾਇਟੀ, ਖਾਲਸਾ ਦੀਵਾਨ ਸੁਸਾਇਟੀ; ਪੰਜਾਬੀ ਮਾਰਕੀਟ ਕੁਲੈਕਟਿਵ; ਸਿਟੀ ਆਫ਼ ਵੈਨਕੂਵਰ ਦੇ ਦੱਖਣੀ ਏਸ਼ੀਆਈ ਕਲਾਕਾਰਾਂ, ਕਿਊਰੇਟਰਾਂ ਅਤੇ ਸੱਭਿਆਚਾਰਕ ਵਰਕਰਾਂ ਦਾ ਕਲਾਕਾਰ ਚੋਣ ਪੈਨਲ; ਅਤੇ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਦੇ ਖਿਲਾਫ  ਇਤਿਹਾਸਕ ਵਿਤਕਰਾ ਭਾਈਚਾਰਕ ਸਲਾਹਕਾਰ ਕਮੇਟੀ।

**ਸੰਪਰਕ:**
ਸਿਵਿਲ ਇਨਗੇਜਮੈਂਟ ਅਤੇ ਕਮਿਊਨੀਕੇਸ਼ਨਜ਼
media@vancouver.ca